Australian Government
Department of Health and Aged Care

medicare

Punjabi



# ਮੈਡੀਕੇਅਰ ਵਿੱਚ ਹੋਰ ਵੀ ਬਹੁਤ ਕੁਝ ਹੈ

ਮੈਡੀਕੇਅਰ ਆਸਟ੍ਰੇਲੀਆ ਦੀ ਸਿਹਤ ਸੰਭਾਲ ਪ੍ਰਣਾਲੀ ਹੈ, ਜੋ ਸਾਰੇ ਆਸਟ੍ਰੇਲੀਆ ਦੇ ਲੋਕਾਂ ਨੂੰ ਘੱਟ ਜਾਂ ਬਿਨਾਂ ਕਿਸੇ ਲਾਗਤ 'ਤੇ ਬਹੁਤ ਸਾਰੀਆਂ ਤੇ ਵੱਖੋ ਵੱਖਰੀਆਂ ਸਿਹਤ ਸੇਵਾਵਾਂ ਤੱਕ ਪਹੁੰਚ ਦਿੰਦੀ ਹੈ।

ਜੀ ਪੀ ਕੋਲ ਜਾਣ ਤੋਂ ਲੈ ਕੇ ਹਸਪਤਾਲ ਦੀ ਦੇਖਭਾਲ ਤੱਕ, ਮੈਡੀਕੇਅਰ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਕੋਈ ਲੋੜ ਪੈਣ 'ਤੇ ਲੋੜੀਂਦੀ ਡਾਕਟਰੀ ਸਹਾਇਤਾ ਤੱਕ ਪਹੁੰਚ ਕਰ ਸਕਦਾ ਹੈ।

## ਤੁਹਾਡੇ ਲਈ ਮੈਡੀਕੇਅਰ ਦਾ ਕਿ ਮਤਲਬ ਹੈ

ਇਹ ਯਕੀਨੀ ਬਣਾਉਣ ਲਈ ਕਿ ਆਸਟ੍ਰੇਲੀਆ ਦੇ ਲੋਕਾਂ ਕੋਲ ਕਿਫਾਇਤੀ ਸਿਹਤ ਸੰਭਾਲ, ਜ਼ਰੂਰੀ ਦੇਖਭਾਲ ਅਤੇ ਮਾਨਸਿਕ ਸਿਹਤ ਸੇਵਾਵਾਂ ਤੱਕ ਬਿਹਤਰ ਪਹੁੰਚ ਹੈ, ਮੈਡੀਕੇਅਰ ਨੂੰ ਮਜ਼ਬੂਤ ਬਣਾਇਆ ਜਾ ਰਿਹਾ ਹੈ।

**ਮੈਡੀਕੇਅਰ ਦਾ ਮਤਲਬ ਹੈ ਕਿ ਤੁਸੀਂ ਇਨ੍ਹਾਂ ਤੱਕ ਪਹੁੰਚ ਕਰ ਸਕਦੇ ਹੋ:**

- ਡਾਕਟਰਾਂ ਅਤੇ ਹੋਰ ਸਿਹਤ ਪੇਸ਼ੇਵਰਾਂ ਤੋਂ ਮੁਫਤ ਜਾਂ ਘੱਟ ਲਾਗਤ ਵਿੱਚ ਸੇਵਾਵਾਂ
- ਮੁਫਤ ਜਾਂ ਘੱਟ ਕੀਮਤ ਵਿੱਚ ਮਾਨਸਿਕ ਸਿਹਤ ਦੇਖਭਾਲ
- ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕਾਂ ਦੇ ਵਧ ਰਹੇ ਨੈੱਟਵਰਕ ਰਾਹੀ ਮੁਫ਼ਤ, ਵਾਕ-ਇਨ, ਜ਼ਰੂਰੀ ਦੇਖਭਾਲ
- ਚਾਈਲਡ ਡੈਂਟਲ ਬੈਨੀਫਿਟਸ ਅਨੁਸੂਚੀ ਦੇ ਤਹਿਤ, ਯੋਗ ਬੱਚਿਆਂ ਲਈ ਦੰਦਾਂ ਦੀਆਂ ਕੁਝ ਬੁਨਿਆਦੀ ਸੇਵਾਵਾਂ ਦਾ ਕੁੱਝ ਹਿੱਸਾ ਜਾਂ ਸਾਰਾ ਖਰਚਾ।

ਮੈਡੀਕੇਅਰ ਦੇ ਕਈ ਹੋਰ ਲਾਭ ਵੀ ਹਨ, ਇਹਨਾਂ ਬਾਰੇ ਹੋਰ ਜਾਣਨ ਲਈ ਸਰਵਿਸਿਜ਼ ਆਸਟ੍ਰੇਲੀਆ ਦੀ ਵੈੱਬਸਾਈਟ 'ਤੇ ਜਾਓ।

## ਮੈਡੀਕੇਅਰ ਦਾ ਵੱਧ ਤੋਂ ਵੱਧ ਲਾਭ ਉਠਾਉਣਾ

ਇੱਥੇ ਦੱਸਿਆ ਗਿਆ ਹੈ ਕਿ ਤੁਸੀਂ ਮੈਡੀਕੇਅਰ ਦਾ ਵੱਧ ਤੋਂ ਵੱਧ ਲਾਭ ਕਿਵੇਂ ਲੈ ਸਕਦੇ ਹੋ:

- **ਮੈਡੀਕੇਅਰ ਵਿੱਚ ਨਾਮ ਦਰਜ ਕਰੋ:**
  - myGov ਰਾਹੀ ਆਨਲਾਈਨ ਦਰਜ ਕਰੋ
  - ਇੱਕ ਮੈਡੀਕੇਅਰ ਨਾਮਾਂਕਣ ਫਾਰਮ ਭਰੋ ਅਤੇ ਆਪਣਾ ਫਾਰਮ ਅਤੇ ਸਹਾਇਕ ਦਸਤਾਵੇਜ਼ ਡਾਕ ਜਾਂ ਈਮੇਲ ਦੁਆਰਾ ਜਮ੍ਹਾਂ ਕਰੋ, ਜਾਂ
  - ਸਰਵਿਸਿਜ਼ ਆਸਟਰੇਲੀਆ ਸਰਵਿਸ ਸੈਂਟਰ 'ਤੇ ਜਾਓ।
- **ਜਦੋਂ ਅਤੇ ਜਿੱਥੇ ਤੁਹਾਨੂੰ ਇਸਦੀ ਲੋੜ ਹੈ ਦੇਖਭਾਲ ਪ੍ਰਾਪਤ ਕਰੋ:**
  - **ਜੀ ਪੀ, ਮਾਹਰ ਅਤੇ ਟੈਲੀਹੈਲਥ ਮੁਲਾਕਾਤਾਂ:** ਪਤਾ ਕਰੋ ਕਿ ਕੀ ਤੁਹਾਡਾ ਪਰਦਾਤਾ ਬਲਕ ਬਿਲਿੰਗ ਦੀ ਪੇਸ਼ਕਸ਼ ਕਰਦਾ ਹੈ। ਜੇਕਰ ਉਹ ਨਹੀ ਕਰਦੇ, ਤਾਂ ਤੁਹਾਨੂੰ ਫੀਸਾਂ ਦਾ ਭੁਗਤਾਨ ਕਰਨਾ ਪਵੇਗਾ ਅਤੇ ਫਿਰ ਮੈਡੀਕੇਅਰ ਤੋਂ  ਦਾਅਵਾ ਕਰਨਾ ਪਵੇਗਾ। ਤੁਸੀ ਇਹ ਵੀ ਪੁੱਛ ਸਕਦੇ ਹੋ ਕਿ ਕੀ ਤੁਹਾਡਾ ਜੀ ਪੀ ਜਾਂ ਮਾਹਰ ਤੁਹਾਡੀ ਸਹੂਲਤ ਲਈ ਫ਼ੋਨ ਜਾਂ ਵੀਡੀਓ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰਦੇ ਹਨ, ਜੇਕਰ ਤੁਸੀ ਇਸਦੇ ਯੋਗ ਹੋ।
  - **ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕਾਂ** 'ਤੇ ਜਾਓ: ਜ਼ਰੂਰੀ ਦੇਖਭਾਲ ਲਈ ਮੁਫ਼ਤ, ਵਾਕ-ਇਨ ਕੇਅਰ ਤੱਕ ਪਹੁੰਚ ਕਰੋ ਪਰ ਇਹ ਜਾਨਲੇਵਾ ਸੱਟਾਂ ਅਤੇ ਬਿਮਾਰੀਆਂ ਲਈ ਨਹੀ ਹਨ।
- **ਆਪਣੀ ਭਲਾਈ ਲਈ ਸਹਾਇਤਾ ਤੱਕ ਪਹੁੰਚ ਕਰੋ:**
  - **ਮੈਡੀਕੇਅਰ ਮਾਨਸਿਕ ਸਿਹਤ ਕੇਂਦਰਾਂ** 'ਤੇ ਜਾਓ: ਪੂਰੇ ਆਸਟਰੇਲੀਆ ਵਿੱਚ ਮਾਨਸਿਕ ਸਿਹਤ ਅਤੇ ਭਲਾਈ ਲਈ ਮੁਫਤ, ਵਾਕ-ਇਨ ਸਹਾਇਤਾ ਉਪਲਬਧ ਹੈ।
- **ਬੱਚਿਆਂ ਲਈ ਦੰਦਾਂ ਦੀ ਸਹਾਇਤਾ ਤੱਕ ਪਹੁੰਚ ਕਰੋ:**
  - ਜੋ ਬੱਚੇ ਯੋਗ ਹਨ ਉਹ ਦੰਦਾਂ ਦੀਆਂ ਮੁੱਢਲੀਆਂ ਸੇਵਾਵਾਂ ਦੀ ਲਾਗਤ ਦਾ ਕੁੱਝ ਹਿੱਸਾ ਜਾਂ ਸਾਰੀਆਂ ਲਾਗਤਾਂ ਦੀ ਭਰਪਾਈ ਕਰਨ ਲਈ ਚਾਈਲਡ ਡੈਂਟਲ ਬੈਨੀਫਿਟਸ ਅਨੁਸੂਚੀ ਤੱਕ ਪਹੁੰਚ ਕਰ ਸਕਦੇ ਹਨ।



## ਮੈਡੀਕੇਅਰ ਕਿਸ ਨੂੰ ਮਿਲ ਸਕਦਾ ਹੈ?

ਤੁਸੀਂ ਮੈਡੀਕੇਅਰ ਲਈ ਯੋਗ ਹੋ ਜੇਕਰ ਤੁਸੀਂ ਆਸਟ੍ਰੇਲੀਆ ਵਿੱਚ ਰਹਿੰਦੇ ਹੋ ਅਤੇ ਤੁਸੀਂ:

- ਆਸਟਰੇਲੀਆ ਜਾਂ ਨਿਊਜ਼ੀਲੈਂਡ ਦੇ ਨਾਗਰਿਕ ਹੋ
- ਆਸਟਰੇਲੀਆ ਦੇ ਸਥਾਈ ਨਿਵਾਸੀ ਹੋ
- ਸਥਾਈ ਨਿਵਾਸ ਲਈ ਅਰਜ਼ੀ ਲਗਾ ਰਹੇ ਹੋ (ਸ਼ਰਤਾਂ ਲਾਗੂ)
- ਅਸਥਾਈ ਨਿਵਾਸੀ ਹੋ ਤੇ ਇੱਕ ਮੰਤਰੀ ਦੇ ਹੁਕਮ ਦੇ ਹੇਠ ਆਉਂਦੇ ਹੋ
- ਨਾਰਫੋਕ ਟਾਪੂ, ਕੋਕੋਸ (ਕੀਲਿੰਗ) ਟਾਪੂ, ਕ੍ਰਿਸਮਸ ਆਈਲੈਂਡ, ਜਾਂ ਲਾਰਡ ਹੋਵ ਟਾਪੂ ਦਾ ਨਾਗਰਿਕ ਜਾਂ ਸਥਾਈ ਨਿਵਾਸੀ ਹੋ।

ਤੁਸੀਂ ਮੈਡੀਕੇਅਰ ਦੇ ਲਈ ਤਾਂ ਵੀ ਯੋਗ ਹੋ ਜੇਕਰ ਤੁਸੀਂ ਪਰਸਪਰ ਸਿਹਤ ਦੇਖਭਾਲ ਸਮਝੌਤੇ ਵਾਲੇ ਦੇਸ਼ ਤੋਂ ਆਸਟ੍ਰੇਲੀਆ ਆ ਰਹੇ ਹੋ (ਸ਼ਰਤਾਂ ਲਾਗੂ ਹਨ)।

## ਮੈਡੀਕੇਅਰ ਦੇ ਲਾਭਾਂ ਨੂੰ ਸਮਝਣਾ

ਮੈਡੀਕੇਅਰ ਤੋਂ ਤੁਹਾਨੂੰ ਮਿਲਣ ਵਾਲੇ ਲਾਭ ਆਸਟ੍ਰੇਲੀਅਨ ਸਰਕਾਰ ਦੁਆਰਾ ਨਿਰਧਾਰਤ ਸੇਵਾ ਫੀਸਾਂ ਦੀ ਸੂਚੀ 'ਤੇ ਅਧਾਰਤ ਹਨ, ਜਿਸ ਨੂੰ ਮੈਡੀਕਲ ਬੈਨੀਫਿਟਸ ਸ਼ਡਿਊਲ (MBS) ਕਿਹਾ ਜਾਂਦਾ ਹੈ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ MBS ਫੀਸ ਤੋਂ ਵੱਧ ਪੈਸੇ ਲੈਣ ਦੀ ਚੋਣ ਕਰ ਸਕਦਾ ਹੈ।

**ਮੈਡੀਕੇਅਰ ਲਾਭ** ਉਹ ਰਕਮ ਹੈ ਜੋ ਤੁਸੀਂ ਮੈਡੀਕੇਅਰ ਤੋਂ ਵਾਪਸ ਪ੍ਰਾਪਤ ਕਰਦੇ ਹੋ ਜਦੋਂ ਤੁਸੀਂ ਕਿਸੇ ਡਾਕਟਰੀ ਸੇਵਾ ਲਈ **ਦਾਅਵਾ** ਕਰਦੇ ਹੋ।

ਤੁਹਾਡੇ ਮੈਡੀਕੇਅਰ ਲਾਭ ਦਾ ਦਾਅਵਾ ਕਰਨ ਦਾ ਸਭ ਤੋਂ ਤੇਜ਼ ਤਰੀਕਾ ਤੁਹਾਡੇ ਦੁਆਰਾ ਭੁਗਤਾਨ ਕਰਨ ਤੋਂ ਤੁਰੰਤ ਬਾਅਦ ਤੁਹਾਡੇ ਡਾਕਟਰ ਦੇ ਦਫ਼ਤਰ ਵਿੱਚ ਹੀ ਹੈ।

- ਜੇਕਰ ਤੁਹਾਡਾ ਡਾਕਟਰ **ਬਲਕ ਬਿਲ** ਕਰਦਾ ਹੈ, ਤਾਂ ਇਸਦਾ ਮਤਲਬ ਹੈ ਕਿ ਮੈਡੀਕੇਅਰ ਤੁਹਾਡੇ ਵੱਲੋਂ ਪ੍ਰਾਪਤ ਕੀਤੀ ਸੇਵਾ ਦੀ ਲਾਗਤ ਦੀ ਭਰਪਾਈ ਕਰਦਾ ਹੈ ਅਤੇ ਤੁਸੀਂ ਕੁਝ ਵੀ ਭੁਗਤਾਨ ਨਹੀਂ ਕਰਨਾ ਹੈ।
- ਜੇਕਰ ਤੁਹਾਡਾ ਡਾਕਟਰ ਬਲਕ ਬਿਲਿੰਗ ਦੀ ਪੇਸ਼ਕਸ਼ ਨਹੀਂ ਕਰਦਾ ਹੈ, ਤਾਂ ਵੀ ਤੁਸੀਂ ਸੇਵਾਵਾਂ ਲਈ ਪੂਰੀ ਲਾਗਤ ਦਾ ਭੁਗਤਾਨ ਕਰਨ ਤੋਂ ਬਾਅਦ, **ਮੈਡੀਕੇਅਰ ਦਾ ਦਾਅਵਾ** ਕਰ ਸਕਦੇ ਹੋ। ਜੇਕਰ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਮੈਡੀਕੇਅਰ ਦੁਆਰਾ ਕਵਰ ਕੀਤੇ ਜਾਣ ਵਾਲੇ ਖਰਚੇ ਤੋਂ ਵੱਧ ਪੈਸੇ ਲੈਂਦਾ ਹੈ ਤਾਂ ਤੁਹਾਨੂੰ **ਇਸ ਲਾਗਤ ਦੇ ਵਿੱਚਲੇ ਅੰਤਰ ਦਾ ਭੁਗਤਾਨ** ਆਪ ਕਰਨ ਦੀ ਲੋੜ ਹੋਵੇਗੀ।

## ਹੋਰ ਜਾਣਕਾਰੀ

**ਮੈਡੀਕੇਅਰ ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ ਇਸ ਬਾਰੇ ਹੋਰ ਜਾਣਨ ਲਈ, medicare.gov.au/stronger 'ਤੇ ਜਾਓ**

ਹੋਰ ਜਾਣਨ ਲਈ ਸਕੈਨ ਕਰੋ